ਡਾਇਰੈਕਟੋਰੇਟ, ਪਸ਼ੂ ਪਾਲਣ ਵਿਭਾਗ ,ਪੰਜਾਬ

( ਵਿਕਾਸ ਸ਼ਾਖਾ )

ਸੇਵਾ ਵਿਖੇ,

ਡਿਪਟੀ ਡਾਇਰੈਕਟਰ, ਪਸ਼ੂ ਪਾਲਣ
(ਸਮਾਲ ਰੁਮੀਨੈਂਟਸ ਐਂਡ ਪੋਲਟਰੀ )
ਪੰਜਾਬ ।

ਮੀਮੋ ਨੰਬਰ: 7/1/2020-ਡੀ.2/
ਮਿਤੀ:

ਵਿਸ਼ਾ : **Implementation of "Environmental guidelines for Poultry farms." as per order passed by Hon'ble NGT on 16.09.2020 in the matter of O.A. No. 681 of 2017-reg..**

ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ PUNJAB POLLUTION CONTROL BOARD, ਦੇ ਪੱਤਰ ਨੰ SEE(HQ-2)/2022/2521 ਮਿਤੀ : 09.02.2022 ਅਤੇ ਪੱਤਰ ਨੰ SEE(HQ-2)/2022/3466 ਮਿਤੀ : 24.02.2022 ਇਸ ਦਫਤਰ ਵਿਖੇ ਲੋੜੀਂਦੀ ਕਾਰਵਾਈ ਹਿੱਤ ਪ੍ਰਾਪਤ ਹੋਏ ਹਨ ।

ਉਕਤ ਪੱਤਰ ਮਿਤੀ 09.02.2022 ਤਹਿਤ ਪੰਜਾਬ ਪ੍ਰਦੂਸ਼ਨ ਕੰਟਰੋਲ ਬੋਰਡ ਵੱਲੋਂ ਮਾਨਯੋਗ ਨੈਸ਼ਨਲ ਗਰੀਨ ਟ੍ਰਿਬਿਊਨਲ (National Green Tribunal-NGT) ਦੀਆਂ ਹਦਾਇਤਾਂ ਦੇ ਸਨਮੁੱਖ ਸੈਂਟ੍ਰਲ ਪਲਿਊਸ਼ਨ ਕੰਟਰੋਲ ਬੋਰਡ, ਨਵੀਂ ਦਿੱਲੀ ਦੁਆਰਾ ਤਿਆਰ ਕੀਤੀਆਂ ਗਈਆਂ **"Environmental Guidelines for Poultry farms"** ਨੂੰ ਲਾਗੂ ਕਰਨ ਹਿੱਤ ਇਸ ਵਿਭਾਗ ਨੂੰ ਪੋਲਟਰੀ ਫਾਰਮਾਂ ਦੇ ਮਾਲਕਾਂ ਦੀਆਂ ਗਰੁੱਪ ਟ੍ਰੇਨਿੰਗਜ਼ ਕਰਵਾਉਂਦੇ ਹੋਏ ਉਹਨਾਂ ਨੂੰ ਉਕਤ Revised Environmental guidelines for Poultry farms ਸਬੰਧੀ ਜਾਣੂੰ ਕਰਵਾਉਣ ਹਿੱਤ ਬੇਨਤੀ ਕੀਤੀ ਗਈ ਹੈ ।

2. ਇਸ ਤੋਂ ਇਲਾਵਾ PPCB ਵੱਲੋਂ ਉਕਤ ਪੱਤਰ ਮਿਤੀ 24.02.2022 ਰਾਹੀ (O.A. No. 320/2021 (Gauri Maulekhi Vs. Union of India & Ors. ) ਦੇ ਮਾਮਲੇ ਵਿੱਚ ਸੂਚਿਤ ਕੀਤਾ ਗਿਆ ਹੈ ਕਿ **"Environmental Guidelines for Poultry farms"** 5000 ਤੋਂ ਵੱਧ ਪੰਛੀਆਂ ਵਾਲੇ Poultry Farms ਤੇ ਹੀ ਲਾਗੂ ਹੋਣ ਯੋਗ (Applicable) ਹਨ। ਉਹਨਾਂ ਵੱਲੋਂ ਉਕਤ ਗਾਈਡਲਾਈਨਜ਼ ਦੀ ਕਾਪੀ ਇਸ ਦਫਤਰ ਨੂੰ ਸੂਚਨਾ ਅਤੇ ਵਿਭਾਗੀ ਵੈਬਸਾਈਟ ਤੇ ਅਪਲੋਡ ਕਰਨ ਹਿੱਤ ਭੇਜੀ ਗਈ ਹੈ।

ਇਸ ਲਈ ਆਪ ਨੂੰ ਉਕਤ ਦੋਵੇਂ ਪੱਤਰਾਂ ਦੀਆਂ ਕਾਪੀਆਂ ਇਸ ਪੱਤਰ ਨਾਲ ਨੱਥੀ ਕਰਕੇ ਘੱਲਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਪੱਤਰ ਮਿਤੀ 09.02.2022 ਦੇ ਸਨਮੁੱਖ ਲੋੜੀਂਦੀ ਟ੍ਰੇਨਿੰਗ ਕਰਵਾਉਣੀ ਅਤੇ ਪੱਤਰ ਮਿਤੀ 24.02.2022 ਦੇ ਸਨਮੁੱਖ **"Environmental Guidelines for Poultry farms"** ਬਾਰੇ ਸਮੂਹ ਸਬੰਧਤਾਂ ਨੂੰ ਜਾਣੂੰ ਕਰਵਾਉਣਾ ਅਤੇ ਇਹਨਾਂ ਨੂੰ ਡਾ. ਪਰਮਪਾਲ ਸਿੰਘ, ਵੈਟਨਰੀ ਅਫਸਰ, (ਪੋਲਟਰੀ) ਕਮ ਕੋਆਰਡੀਨੇਟਰ, ਪੰਜਾਬ ਸਰਕਾਰ ਪਸ਼ੂ

ਪਾਲਣ, ਮੱਛੀ ਪਾਲਣ ਤੇ ਡੇਅਰੀ ਵਿਕਾਸ ਵਿਭਾਗ, ਵਾਧੂ ਚਾਰਜ ਡਿਪਟੀ ਡਾਇਰੈਕਟਰ, ਐਕਸਟੈਨਸ਼ਨ ਸਰਵਿਸਿਜ ਅਤੇ ਪਬਲਿਕ ਰਿਲੇਸ਼ਨਜ਼, ਸਦਰ ਦਫਤਰ ਰਾਹੀ ਵਿਭਾਗੀ ਵੈਬਸਾਈਟ ਤੇ ਅਪਲੋਡ ਕਰਵਾਉਣਾ ਯਕੀਨੀ ਬਣਾਇਆ ਜਾਵੇ।

—ਸਹੀ—
ਡਾਇਰੈਕਟਰ, ਪਸ਼ੂ ਪਾਲਣ ਵਿਭਾਗ
ਪੰਜਾਬ।

ਪਿੱਠ ਅੰਕਣ ਨੰਬਰ 7/7/21-ਡੀ-2/3028 ਮਿਤੀ 21-03-2022

ਇਸਦਾ ਇੱਕ ਉਤਾਰਾ ਡਾ. ਪਰਮਪਾਲ ਸਿੰਘ, ਵੈਟਨਰੀ ਅਫਸਰ, (ਪੋਲਟਰੀ) ਕਮ ਕੋਆਰਡੀਨੇਟਰ, ਪੰਜਾਬ ਸਰਕਾਰ, ਪਸ਼ੂ ਪਾਲਣ, ਮੱਛੀ ਪਾਲਣ ਤੇ ਡੇਅਰੀ ਵਿਕਾਸ ਵਿਭਾਗ, ਵਾਧੂ ਚਾਰਜ ਡਿਪਟੀ ਡਾਇਰੈਕਟਰ, ਐਕਸਟੈਨਸ਼ਨ ਸਰਵਿਸਿਜ ਅਤੇ ਪਬਲਿਕ ਰਿਲੇਸ਼ਨਜ਼, ਸਦਰ ਦਫਤਰ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ, ਪਸ਼ੂ ਪਾਲਣ ਵਿਭਾਗ,
ਪੰਜਾਬ।

ਪਿੱਠ ਅੰਕਣ ਨੰਬਰ 7/7/21-ਡੀ-2/ ਮਿਤੀ

ਇਸਦਾ ਇੱਕ ਉਤਾਰਾ ਮੈਂਬਰ ਸਕੱਤਰ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਵਾਤਾਵਰਣ ਭਵਨ, ਨਾਭਾ ਰੋਡ, ਪਟਿਆਲਾ-147001 ਨੂੰ ਉਹਨਾਂ ਦੇ ਪੱਤਰ ਨੰ SEE(HQ-2)/2022/2521 ਮਿਤੀ : 09.02.2022 ਅਤੇ ਪੱਤਰ ਨੰ SEE(HQ-2)/2022/3466 ਮਿਤੀ : 24.02.2022 ਦੇ ਹਵਾਲੇ ਵਿੱਚ ਸੂਚਨਾ ਹਿੱਤ ਘੱਲਿਆ ਜਾਂਦਾ ਹੈ।

—ਸਹੀ—
ਡਾਇਰੈਕਟਰ, ਪਸ਼ੂ ਪਾਲਣ ਵਿਭਾਗ,
ਪੰਜਾਬ।